# ਬੁੱਲ੍ਹੇ ਸ਼ਾਹ

ਬੁੱਲ੍ਹੇ ਸ਼ਾਹ ਦਾ ਜਨਮ 1680 ਈ. ਵਿੱਚ ਪਿੰਡ ਪਾਂਡੋਕੇ ਜ਼ਿਲ੍ਹਾ ਲਾਹੌਰ(ਪਾਕਿਸਤਾਨ) ਵਿਖੇ ਹੋਇਆ। ਉਹਨਾਂ ਦੇ ਪਿਤਾ ਜੀ ਦਾ ਨਾਂ ਸਈਅਦ ਮੁਹੰਮਦ ਦਰਵੇਸ਼ ਸੀ ਜੋ ਕਿੱਤੇ ਵੱਜੋਂ ਅਧਿਆਪਕ ਸਨ। ਸਾਈਂ ਬੁਲ੍ਹੇ ਸ਼ਾਹ ਦਾ ਮੁੱਢਲਾ ਨਾਂ ਅਬਦੁੱਲਾ ਸੀ। ਉਸ ਨੇ ਮੁਢਲੀ ਵਿੱਦਿਆ ਆਪਣੇ ਪਿਤਾ ਪਾਸੋਂ ਹੀ ਪ੍ਰਾਪਤ ਕੀਤੀ। ਫਿਰ ਉਚੇਰੀ ਵਿੱਦਿਆ ਲਈ ਉਸ ਨੂੰ ਕਸੂਰ ਭੇਜਿਆ ਗਿਆ। ਕਸੂਰ ਦੇ ਮੌਲਵੀ ਗੁਲਾਮ ਮੁਰਤਜ਼ਾ ਕੋਲੋਂ ਆਪ ਨੇ ਸੰਸਾਰੀ ਸਿੱਖਿਆ ਪ੍ਰਾਪਤ ਕੀਤੀ। ਇੱਥੇ ਹੀ ਉਸ ਨੇ ਸ਼ਾਹ ਇਨਾਇਤ ਕਾਦਰੀ ਕੋਲੋਂ ਅਗਲੇਰੀ ਵਿੱਦਿਆ ਹਾਸਿਲ ਕੀਤੀ ਤੇ ਫਿਰ ਉਸੇ ਨੂੰ ਆਪਣਾ ਮੁਰਸ਼ਦ ਧਾਰ ਕੇ ਕਾਦਰੀ ਸੰਪਰਦਾਇ ਵਿੱਚ ਸ਼ਾਮਲ ਹੋ ਗਿਆ।

ਬੁੱਲ੍ਹੇ ਸ਼ਾਹ ਦਾ ਸਮਾਂ ਮੁਗਲ ਰਾਜ ਦੀ ਢਹਿੰਦੀ ਕਲਾ ਦਾ ਸਮਾਂ ਸੀ। ਇਸਲਾਮ ਧਰਮ ਦੇ ਆਗੂਆਂ ਵਿੱਚ ਸ਼ਰੱਈ ਕੱਟੜਤਾ ਭਰੀ ਪਈ ਸੀ। ਬੁੱਲ੍ਹੇ ਸ਼ਾਹ ਆਪਣੇ ਸੂਫ਼ੀ ਵਿਚਾਰਾਂ ਕਾਰਨ ਸ਼ਰ੍ਹਾਂ ਦੀ ਕੋਈ ਪਰਵਾਹ ਨਹੀਂ ਸੀ ਕਰਦਾ। ਇਸ ਕਾਰਨ ਉਸ ਦੇ ਮੁਰਸ਼ਦ ਸ਼ਾਹ ਇਨਾਇਤ ਕਾਦਰੀ ਨੇ ਉਸ ਨੂੰ ਆਪਣੇ ਡੇਰੇ ਵਿੱਚੋਂ ਕੱਢ ਦਿੱਤਾ। ਮੁਰਸ਼ਦ ਦੇ ਵਿਛੋੜੇ ਵਿੱਚ ਬੁੱਲ੍ਹੇ ਸ਼ਾਹ ਤੜਫ਼ ਉੱਠਿਆ। ਇੱਕ ਦਿਨ ਉਹ ਇਨਾਇਤ ਸ਼ਾਹ ਦੇ ਰਸਤੇ ਵਿੱਚ ਮਜਲਸ ਲਾ ਕੇ ਗਾਉਣ ਲੱਗ ਪਿਆ। ਸੁਰੀਲੀ ਆਵਾਜ਼ ਅਤੇ ਸੋਜ਼ ਦੇ ਖਿੱਚੇ ਇਨਾਇਤ ਸ਼ਾਹ ਕਾਦਰੀ ਨੇ ਬੁਲ੍ਹੇ ਸ਼ਾਹ ਨੂੰ ਸੱਦ ਕੇ ਗਲ ਨਾਲ ਲਾ ਲਿਆ। 1718 ਈ. ਵਿੱਚ ਸ਼ਾਹ ਇਨਾਇਤ ਕਾਦਰੀ ਦੇ ਚਲਾਣੇ ਪਿੱਛੋਂ ਸਾਈਂ ਬੁੱਲ੍ਹੇ ਸ਼ਾਹ ਮੁਰਸ਼ਦ ਦੀ ਗੱਦੀ ਤੇ ਬਿਰਾਜਮਾਨ ਹੋਇਆ। ਆਪ ਦਾ ਵਧੇਰੇ ਸਮਾਂ ਲਾਹੌਰ ਵਿੱਚ ਗੁਜ਼ਰਿਆ ਅਤੇ 1758 ਈ. ਵਿੱਚ ਆਪ ਦਾ ਦੇਹਾਂਤ ਹੋ ਗਿਆ।

ਬੁੱਲ੍ਹੇ ਸ਼ਾਹ ਇੱਕ ਫ਼ਕੀਰ ਕਵੀ ਸੀ ਤੇ ਉਸ ਦੀ ਕਵਿਤਾ ਨਾਲ ਪੰਜਾਬੀ ਸੂਫ਼ੀ ਕਵਿਤਾ ਆਪਣੇ ਸਿਖਰ ਉੱਤੇ ਪੁੱਜਦੀ ਹੈ। ਉਹਨਾਂ ਦੀ ਰਚਨਾ ਗਿਣਤੀ ਤੇ ਗੁਣਾਂ ਦੋਹਾਂ ਪੱਖਾਂ ਤੋਂ ਕਾਫ਼ੀ ਮਹਾਨਤਾ ਰੱਖਦੀ ਹੈ। ਉਹਨਾਂ ਦੀ ਪ੍ਰਾਪਤ ਰਚਨਾ ਦਾ ਵੇਰਵਾ ਇਉਂ ਹੈ:- 156 ਕਾਫ਼ੀਆਂ, 48 ਦੋਹੜੇ, 40 ਕਾਫ਼ੀਆਂ, 3 ਸੀਹਰਫ਼ੀਆਂ, ਬਾਰਾਮਾਹ ਤੇ ਅਠਵਾਰਾ। ਬੁੱਲ੍ਹੇ ਸ਼ਾਹ ਦੀ ਬਹੁਤੀ ਪ੍ਰਸਿੱਧੀ ਉਸ ਦੀਆਂ ਕਾਫ਼ੀਆਂ ਕਰ ਕੇ ਹੋਈ ਹੈ।

## ਉਲਟੇ ਹੋਰ ਜ਼ਮਾਨੇ ਆਏ

ਉਲਟੇ ਹੋਰ ਜ਼ਮਾਨੇ ਆਏ,
ਅਸਾਂ ਭੇਤ ਸੱਜਣ ਦੇ ਪਾਏ।
ਆਪਣਿਆਂ ਵਿੱਚ ਉਲਫ਼ਤ ਨਾਹੀਂ,
ਕੇਹੇ ਚਾਚੇ ਤਾਏ ?

ਪਿਉ ਪੁੱਤਰਾਂ ਇਤਫ਼ਾਕ ਨ ਕਾਈ,
ਧੀਆਂ ਨਾਲ ਨ ਮਾਏ।
ਸੱਚਿਆਂ ਨੂੰ ਹੁਣ ਮਿਲਦੇ ਧੱਕੇ,
ਝੂਠੇ ਕੋਲ ਬਹਾਏ।

ਇਰਾਕੀਆਂ ਨੂੰ ਪਏ ਚਾਬਕ ਪੈਂਦੇ
ਗੱਦੋਂ ਖ਼ੂਦ ਖਵਾਏ।
ਕਾਉਂ ਲਗੜ ਨੂੰ ਮਾਰਨ ਲੱਗੇ,
ਚਿੜੀਆਂ ਜੁੱਰੇ ਖਾਏ।

ਅਗਲੇ ਜਾਏ ਬੰਗਾਲੇ ਬੈਠੇ,
ਪਿਛਲਿਆਂ ਫ਼ਰਸ਼ ਵਿਛਾਏ।
ਬੁੱਲ੍ਹਾ ! ਹੁਕਮ ਹਜ਼ੂਰੋਂ ਆਇਆ,
ਤਿਸ ਨੂੰ ਕੌਣ ਹਟਾਏ।

**( ਉਲਫ਼ਤ– ਪਿਆਰ/ਮੁਹੱਬਤ, ਇਰਾਕੀ– ਇਰਾਕ ਦੇਸ਼ ਦਾ ਘੋੜਾ, ਚਾਬਕ– ਛਾਂਟਾ, ਗੱਦੋਂ– ਖੋਤਾ, ਖ਼ੂਦ– ਹਰੇ ਜੌਂ/ਕਣਕ, ਲੱਗੜ– ਧਾਰੀਦਾਰ ਬਾਜ਼, ਜੁੱਰਾ– ਬਾਜ਼)**

## ਆਓ ਸਈਓ ਰਲ ਦਿਉ ਨੀ ਵਧਾਈ

ਆਓ ਸਈਓ ਰਲ ਦਿਉ ਨੀ ਵਧਾਈ।
ਮੈਂ ਬਰ ਪਾਇਆ ਰਾਂਝਾ ਮਾਹੀ।
ਅੱਜ ਤਾਂ ਰੋਜ਼ ਮੁਬਾਰਕ ਚੜ੍ਹਿਆ,
ਰਾਂਝਾ ਸਾਡੇ ਵਿਹੜੇ ਵੜਿਆ,
ਹੱਥ ਖੂੰਡੀ ਮੋਢੇ ਕੰਬਲ ਧਰਿਆ,
ਚਾਕਾਂ ਵਾਲੀ ਸ਼ਕਲ ਬਣਾਈ,
ਆਓ ਸਈਓ ਰਲ ਦਿਉ ਨੀ ਵਧਾਈ।

ਮੁੱਕਟ ਗਊਆਂ ਦੇ ਵਿੱਚ ਰੁੱਲਦਾ,
ਜੰਗਲ ਜੂਹਾਂ ਦੇ ਵਿੱਚ ਰੁੱਲਦਾ,
ਹੈ ਕੋਈ ਅੱਲ੍ਹਾ ਦੇ ਵੱਲ ਭੁੱਲਦਾ,
ਅਸਲ ਹਕੀਕਤ ਖ਼ਬਰ ਨਾ ਕਾਈ,
ਆਓ ਸਈਓ ਰਲ ਦਿਉ ਨੀ ਵਧਾਈ।

ਬੁੱਲ੍ਹੇ ਸ਼ਾਹ ਇੱਕ ਸੌਦਾ ਕੀਤਾ,
ਪੀਤਾ ਜ਼ਹਿਰ ਪਿਆਲਾ ਪੀਤਾ,
ਨਾ ਕੁਝ ਲਾਹਾ ਟੋਟਾ ਲੀਤਾ,
ਦਰਦ ਦੁੱਖਾਂ ਦੀ ਗਠੜੀ ਚਾਈ,
ਆਓ ਸਈਓ ਰਲ ਦਿਉ ਨੀ ਵਧਾਈ।

**(ਮੁਬਾਰਕ- ਖੁਸ਼ੀਆਂ ਵਾਲਾ, ਚਾਕ- ਨੌਕਰ ਭਾਵ ਰਾਂਝਾ, ਚਾਈ- ਚੁੱਕੀ ਹੋਈ)**

## ਬਸ ਕਰ ਜੀ ਹੁਣ ਬਸ ਕਰ ਜੀ

ਬਸ ਕਰ ਜੀ ਹੁਣ ਬਸ ਕਰ ਜੀ।
ਇਕ ਬਾਤ ਅਸਾਂ ਨਾਲ ਹੱਸ ਕਰ ਜੀ।
ਤੁਸੀਂ ਦਿਲ ਮੇਰੇ ਵਿੱਚ ਵਸਦੇ ਹੋ,
ਐਵੇ ਸਾਥੋਂ ਦੂਰ ਕਿਉਂ ਨਸਦੇ ਹੋ।
ਨਾਲ ਘੱਤ ਜਾਦੂ ਦਿਲ ਖੱਸਦੇ ਹੋ,
ਹੁਣ ਕਿਤ ਵੱਲ ਜਾਸੋ ਨੱਸ ਕਰ ਜੀ।
ਬਸ ਕਰ ਜੀ ਹੁਣ ਬਸ ਕਰ ਜੀ।

ਤੁਸੀਂ ਮੋਇਆਂ ਨੂੰ ਮਾਰ ਨਾ ਮੁੱਕਦੇ ਸੀ,
ਖਿੱਦੋ ਵਾਂਙ ਖੂੰਡੀ ਨਿੱਤ ਕੁੱਟਦੇ ਸੀ।
ਗੱਲ ਕਰਦਿਆਂ ਦਾ ਗਲ ਘੁੱਟਦੇ ਸੀ,
ਹੁਣ ਤੀਰ ਲਗਾਓ ਕੱਸ ਕਰ ਜੀ।
ਬਸ ਕਰ ਜੀ ਹੁਣ ਬਸ ਕਰ ਜੀ।
ਤੁਸੀ ਛਪਦੇ ਹੋ ਅਸਾਂ ਪਕੜੇ ਹੋ,
ਅਸਾਂ ਨਾਲ ਜ਼ੁਲਫ਼ ਦੇ ਜਕੜੇ ਹੋ।
ਤੁਸੀ ਅਜੇ ਛਪਣ ਨੂੰ ਤਕੜੇ ਹੋ,
ਹੁਣ ਜਾਣ ਨਾ ਮਿਲਦਾ ਨਸ ਕਰ ਜੀ।
ਬਸ ਕਰ ਜੀ ਹੁਣ ਬਸ ਕਰ ਜੀ।

ਬੁੱਲ੍ਹਾ ਸ਼ੌਹ ਮੈ ਤੇਰੀ ਬਰਦੀ ਹਾਂ,

ਤੇਰਾ ਮੁੱਖ ਵੇਖਣ ਨੂੰ ਮਰਦੀ ਹਾਂ।
ਨਿੱਤ ਸੌ-ਸੌ ਮਿੰਨਤਾਂ ਕਰਦੀ ਹਾਂ,
ਹੁਣ ਬੈਠ ਪਿੰਜਰ ਵਿਚ ਧੱਸ ਕਰ ਜੀ।
ਬਸ ਕਰ ਜੀ ਹੁਣ ਬਸ ਕਰ ਜੀ।

**(ਘੱਤ ਜਾਦੂ- ਜਾਦੂ ਪਾ ਕੇ, ਖੱਸਣਾ- ਖੋਹਣਾ, ਖਿੱਦੋ- ਗੇਂਦ, ਬਰਦੀ- ਗੋਲੀ/ਦਾਸੀ, ਪਿੰਜਰ-ਸ਼ਰੀਰ)**

## ਬੁੱਲ੍ਹਾ ਕੀ ਜਾਣਾ ਮੈਂ ਕੌਣ

ਬੁੱਲ੍ਹਾ ਕੀ ਜਾਣਾ ਮੈਂ ਕੌਣ।
ਨਾ ਮੈਂ ਮੋਮਨ ਵਿੱਚ ਮਸੀਤਾਂ,
ਨਾ ਮੈਂ ਵਿੱਚ ਕੁਫ਼ਰ ਦੀਆਂ ਰੀਤਾਂ,
ਨਾ ਮੈਂ ਪਾਕਾਂ ਵਿੱਚ ਪਲੀਤਾਂ,
ਨਾ ਮੈਂ ਮੂਸਾ ਨਾ ਫਰਔਨ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

ਨਾ ਮੈਂ ਅੰਦਰ ਬੇਦ ਕਿਤਾਬਾਂ,
ਨਾ ਵਿੱਚ ਭੰਗਾਂ ਨਾ ਸ਼ਰਾਬਾਂ,
ਨਾ ਵਿੱਚ ਰਿੰਦਾਂ ਮਸਤ ਖਰਾਬਾਂ,
ਨਾ ਵਿੱਚ ਜਾਗਣ ਨਾ ਵਿੱਚ ਸੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

ਨਾ ਵਿੱਚ ਸ਼ਾਦੀ ਨਾ ਗ਼ਮਨਾਕੀ,
ਨਾ ਮੈਂ ਵਿੱਚ ਪਲੀਤੀ ਪਾਕੀ,

ਨਾ ਮੈਂ ਆਬੀ ਨਾ ਮੈਂ ਖ਼ਾਕੀ,
ਨਾ ਮੈਂ ਆਤਿਸ਼ ਨਾ ਮੈਂ ਪੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

ਨਾ ਮੈਂ ਅਰਬੀ ਨਾ ਲਾਹੌਰੀ,
ਨਾ ਮੈਂ ਹਿੰਦੀ ਸ਼ਹਿਰ ਨਗੌਰੀ,
ਨਾ ਹਿੰਦੂ ਨਾ ਤੁਰਕ ਪਸ਼ੌਰੀ,
ਨਾ ਮੈਂ ਰਹਿੰਦਾ ਵਿੱਚ ਨਦੌਨ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

ਨਾ ਮੈਂ ਭੇਤ ਮਜ਼ਹਬ ਦਾ ਪਾਇਆ,
ਨਾ ਮੈਂ ਆਦਮ ਹੱਵਾ ਜਾਇਆ।
ਨਾ ਮੈਂ ਆਪਣਾ ਨਾਮ ਧਰਾਇਆ,
ਨਾ ਵਿੱਚ ਬੈਠਣ ਨਾ ਵਿੱਚ ਭੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

ਅੱਵਲ ਆਖ਼ਰ ਆਪ ਨੂੰ ਜਾਣਾਂ,
ਨਾ ਕੋਈ ਦੂਜਾ ਹੋਰ ਪਛਾਣਾ,
ਮੈਥੋਂ ਹੋਰ ਨਾ ਕੋਈ ਸਿਆਣਾ,
ਬੁੱਲ੍ਹਾ ਸ਼ੌਹ ਖੜਾ ਹੈ ਕੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

**(ਮੋਮਨ- ਰੱਬੀ ਏਕਤਾ ਵਿੱਚ ਵਿਸ਼ਵਾਸ਼ ਰੱਖਣ ਵਾਲਾ ਈਮਾਨਦਾਰ ਮੁਸਲਮਾਨ, ਕੁਫ਼ਰ- ਝੂਠ, ਪਾਕ- ਪਵਿੱਤਰ, ਪਲੀਤ- ਪਾਪੀ, ਰਿੰਦਾਂ- ਕਲੰਦਰ, ਗ਼ਮਨਾਕੀ- ਗ਼ਮੀ/ਦੁੱਖ, ਆਤਿਸ਼- ਅੱਗ)**

# ਅਭਿਆਸ-ਪ੍ਰਸ਼ਨ

1. ਹੇਠ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਸੱਚਿਆਂ ਨੂੰ ਹੁਣ ਮਿਲਦੇ ਧੱਕੇ,
ਝੂਠੇ ਕੋਲ ਬਹਾਏ।
ਇਰਾਕੀਆਂ ਨੂੰ ਪਏ ਚਾਬਕ ਪੈਂਦੇ
ਗੱਦੋਂ ਖ਼ੁਦ ਖਵਾਏ।

(ਅ) ਨਾ ਮੈਂ ਭੇਤ ਮਜ਼ਹਬ ਦਾ ਪਾਇਆ,
ਨਾ ਮੈਂ ਆਦਮ ਹੱਵਾ ਜਾਇਆ।
ਨਾ ਮੈਂ ਆਪਣਾ ਨਾਮ ਧਰਾਇਆ,
ਨਾ ਵਿੱਚ ਬੈਠਣ ਨਾ ਵਿੱਚ ਭੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

2. 'ਆਓ ਸਈਓ ਰਲ ਦਿਉ ਨੀ ਵਧਾਈ' ਕਾਫ਼ੀ ਵਿੱਚ ਬੁਲ੍ਹੇ ਸ਼ਾਹ ਕਿਹੜੀ ਵਧਾਈ ਦੇਣ ਵੱਲ ਸੰਕੇਤ ਕਰਦਾ ਹੈ?

3. ' ਉਲਟੇ ਹੋਰ ਜ਼ਮਾਨੇ ਆਏ' ਕਾਫ਼ੀ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

4. ' ਬੁੱਲ੍ਹਾ ਕੀ ਜਾਣਾ ਮੈਂ ਕੌਣ' ਕਾਫ਼ੀ ਕੀ ਸੁਨੇਹਾ ਦਿੰਦੀ ਹੈ?

5. 'ਬਸ ਕਰ ਜੀ ਹੁਣ ਬਸ ਕਰ ਜੀ' ਕਾਫ਼ੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।